# ਪੰਜਾਬ ਸਰਕਾਰ
## ਜਲ ਸਰੋਤ ਵਿਭਾਗ,
### (ਦਫਤਰੀ ਹੁਕਮ)

1.0 ਪੰਜਾਬ ਰਾਜ ਦੇ ਵੱਖ-ਵੱਖ ਕੈਟਾਗਾਰੀਆ ਦੇ ਅਧਿਕਾਰੀ/ਕਰਮਚਾਰੀ ਜੋ ਕਿ ਪੰਜਾਬ ਸ਼ੇਅਰ ਕੋਟੇ ਅਧੀਨ ਬੀ.ਬੀ.ਐਮ.ਬੀ. ਪ੍ਰਸ਼ਾਸਨ ਦੇ ਵੱਖ-ਵੱਖ ਦਫਤਰਾਂ ਵਿੱਚ ਕੰਮ ਰਹੇ ਹਨ। ਪੰਜਾਬ ਸ਼ੇਅਰ ਕੋਟੇ ਅਧੀਨ ਬੀ.ਬੀ.ਐਮ.ਬੀ. ਵਿੱਚ ਤੈਨਾਂਤ ਅਧਿਕਾਰੀਆਂ/ਕਰਮਚਾਰੀਆਂ ਦੇ ਦਫਤਰੀ ਕੰਮ ਪੰਜਾਬ ਰਾਜ ਵੱਲੋਂ ਹੀ ਕੀਤਾ ਜਾਣਾ ਹੈ, ਕਿਉਂਕਿ ਪੰਜਾਬ ਰਾਜ ਦੇ ਬੀ.ਬੀ.ਐਮ.ਬੀ. ਪ੍ਰਸ਼ਾਸਨ/ਦਫਤਰਾਂ ਨਾਲ ਡੀਲ ਕਰਦੇ ਖੇਤਰੀ ਦਫਤਰਾਂ ਦੀ ਕੰਟਰੋਲਿੰਗ/ਮੋਨੀਟਰਿੰਗ ਮੁੱਖ ਦਫਤਰ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ ਵੱਲੋਂ ਹੀ ਕਰਨੀ ਬਣਦੀ ਹੈ ਅਤੇ ਕੰਮ ਵਿੱਚ ਪਾਰਦਰਸ਼ਿਤਾ ਅਤੇ ਇਕਸਾਰਤਾ ਲਿਆਉਣ ਹਿੱਤ ਜਰੂਰੀ ਵੀ ਹੈ। ਇਸ ਲਈ ਮੁੱਖ ਦਫਤਰ ਦੀ ਆਈ.ਟੀ. ਅਤੇ ਜੀ.ਆਈ. ਸੈੱਲ ਸ਼ਾਖਾ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਬੀ.ਬੀ.ਐਮ.ਬੀ. ਨਾਲ ਸਬੰਧਤ ਕੰਮ ਦੀ ਕੰਟਰੋਲਿੰਗ/ਮੋਨੀਟਰਿੰਗ ਦਾ ਕੰਮ ਦਿੱਤਾ ਜਾਂਦਾ ਹੈ।ਬੀ.ਬੀ.ਐਮ.ਬੀ. ਦਾ ਕੰਮ ਦੇਣ ਤੇ ਆਈ.ਟੀ. ਅਤੇ ਜੀ.ਆਈ. ਸੈੱਲ/ਸ਼ਾਖਾ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ ਦਫਤਰ ਮੁੱਖ ਇੰਜੀਨੀਅਰ/ਹੈਡਕੁਆਟਰ (ਮੁੱਖ ਦਫਤਰ) ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ/ਕਾਰਜਕਾਰੀ ਇੰਜੀਨੀਅਰ/ ਆਈ.ਟੀ. ਅਤੇ ਜੀ.ਆਈ. ਸੈੱਲ/ਸ਼ਾਖਾ, (ਮੁੱਖ ਦਫਤਰ) ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ ਦੇ ਅਧੀਨ ਕੰਮ ਕਰੇਗੀ।

2.0 ਪੰਜਾਬ ਸ਼ੇਅਰ ਕੋਟੇ ਅਧੀਨ ਬੀ.ਬੀ.ਐਮ.ਬੀ. ਵਿੱਚ ਤੈਨਾਂਤ ਅਧਿਕਾਰੀਆਂ/ਕਰਮਚਾਰੀਆਂ ਦੇ ਦਫਤਰੀ ਕੰਮਾਂ ਲਈ ਪੰਜਾਬ ਰਾਜ ਜਲ ਸਰੋਤ ਵਿਭਾਗ ਦੇ ਖੇਤਰੀ ਦਫਤਰਾਂ ਦੇ ਡੀ.ਡੀ.ਓ. ਦਫਤਰ ਅਲਾਟ ਕੀਤੇ ਜਾਂਦੇ ਹਨ। ਕਰਮਚਾਰੀ/ਸਬੰਧਤ ਬੀ.ਬੀ.ਐਮ.ਬੀ. ਦਫਤਰ ਵੱਲੋ ਪੰਜਾਬ ਰਾਜ ਦੇ ਅਲਾਟ ਕੀਤੇ ਸਬੰਧਤ ਡੀ.ਡੀ.ਓ. ਰਾਹੀ ਪੂਰਨ ਤੌਰ ਤੇ ਵਿਧੀ ਅਪਣਾਉਂਦੇ ਹੋਏ ਕੇਸ ਸਮੱਰਥ ਅਧਿਕਾਰੀ/ਦਫਤਰ ਮੁੱਖੀ ਜਾ ਮੁੱਖ ਦਫਤਰ ਨੂੰ ਭੇਜਣਗੇ। ਅਲਾਟ ਕੀਤੇ ਗਏ ਡੀ.ਡੀ.ਓ. ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਪੰਜਾਬ ਸੇਅਰ ਕੋਟੇ ਅਧੀਨ ਬੀ.ਬੀ.ਐਮ.ਬੀ. ਵਿੱਚ ਤੈਨਾਤ ਕਰਮਚਾਰੀਆਂ ਦੇ ਕੰਮਾ ਲਈ ਜਲ ਸਰੋਤ ਵਿਭਾਗ, ਪੰਜਾਬ (ਫੀਲਡ ਕਾਡਰ) ਦੇ ਡੀ.ਡੀ.ਓ ਦਾ ਵੇਰਵਾ | | |
|---|---|---|
| Sr. No. | Name of BBMB Office | Name of corresponding WRD Office |
| 1 | BBMB Chandigarh | Executive Engineer, Building and Store Division Chandigarh |
| 2 | Chief Engineer<br>Beas Dam BBMB, Talwara Township | Executive Engineer, Talwara Canal and Groundwater Division, Water Resources Department, Punjab, Talwara. |
| 3 | Chief Engineer<br>Bhakra Dam BBMB, Nangal Township | Executive Engineer/ Sh. Anandpur Sahib Drainage cum Mining and Geology Division, Water Resources Department, Punjab, Sh. Anandpur Sahib |
| 4 | Chief Engineer<br>B.S.L. BBMB, Sundernagar | Executive Engineer, Ropar Canal and Groundwater Division, Water Resources Department, Punjab, Ropar. |

ਨੋਟ:-

1. ਮੁੱਖ ਦਫਤਰ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ ਦੀਆਂ ਵੱਖ-ਵੱਖ ਅਮਲਾ ਸ਼ਾਖਾਵਾਂ ਵੱਲੋ ਭਰਤੀ/ਸੀਨੀਆਰਤਾ/ਪੱਦ ਉੱਨਤੀ ਆਦਿ ਹੋਰ ਕੰਮ ਵੀ ਕੀਤੇ ਜਾਂਦੇ ਹਨ। ਬੀ.ਬੀ.ਐਮ.ਬੀ. ਨਾਲ ਸਬੰਧਤ ਸਾਂਝੇ ਮੁੱਦੇ ਸਬੰਧਤ ਅਮਲਾ ਸ਼ਾਖਾਵਾਂ ਵੱਲੋ ਹੀ ਕੀਤੇ ਜਾਣਗੇ।
2. ਇਹ ਪੱਤਰ ਜਾਰੀ ਹੋਣ ਦੀ ਮਿਤੀ ਤੱਕ ਜਿਸ ਦਫਤਰ ਡੀ.ਡੀ.ਓ. ਪਾਸ ਕੋਈ ਵੀ ਬੀ.ਬੀ.ਐਮ.ਬੀ. ਦਫਤਰ ਨਾਲ ਸਬੰਧਤ ਕੰਮ ਜਾਂ ਕੇਸ ਪੈਂਡਿੰਗ ਹੈ ਤਾਂ ਉਹ ਹੀ ਦਫਤਰ ਉਸ ਕੰਮ/ਕੇਸ ਦਾ ਨਿਪਟਾਰਾ ਕਰੇਗਾ ਭਾਵ ਪੈਂਡਿੰਗ ਕੰਮ ਨਵੇਂ ਦਫਤਰਾਂ ਨੂੰ ਟਰਾਸਫਰ ਨਹੀ ਕਰੇਗਾ।

Scanned with OKEN Scanner

3. ਮੁੱਖ ਦਫਤਰ, ਆਈ.ਟੀ. ਅਤੇ ਜੀ.ਆਈ. ਸੈੱਲ/ਸ਼ਾਖਾ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ ਅਤੇ ਬੀ.ਬੀ.ਐਮ.ਬੀ. ਦਫਤਰਾਂ ਲਈ ਪੰਜਾਬ ਰਾਜ ਦੇ ਖੇਤਰੀ ਦਫਤਰਾਂ ਦੇ ਡੀ.ਡੀ.ਓ. ਦਫਤਰ ਦੇ ਮੁਕੰਮਲ ਕੰਮਾਂ ਦੀ ਸੂਚਨਾਂ ਵੱਖਰੇ ਤੌਰ ਤੇ ਜਾਰੀ ਕੀਤੀ ਜਾਵੇਗੀ।

ਉਕਤ ਹੁਕਮਾ ਦੀ ਪਾਲਣਾ ਤੁਰੰਤ ਕਰਨੀ ਯਕੀਨੀ ਬਣਾਈ ਜਾਵੇ। ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ।

ਮਿਤੀ, ਚੰਡੀਗੜ੍ਹ
12/07/2024

ਕ੍ਰਿਸ਼ਨ ਕੁਮਾਰ, ਆਈ.ਏ.ਐਸ.,
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਜਲ ਸਰੋਤ ਵਿਭਾਗ, ਪੰਜਾਬ
ਚੰਡੀਗੜ੍ਹ,

ਪਿੱਠ ਅੰਕਣ ਨੰਬਰ। 886448 /2024 ਮਿਤੀ 18 /07/2024

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਦਫਤਰਾਂ ਨੂੰ ਸੂਚਨਾਂ ਅਤੇ ਅਲਗੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਨਿੱਜੀ ਸਕੱਤਰ, ਪ੍ਰਮੁੱਖ ਸਕੱਤਰ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ।
2. ਮੁੱਖ ਇੰਜੀਨੀਅਰ/ਹੈਡਕੁਆਟਰ, ਮੁੱਖ ਦਫਤਰ ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ।
3. ਸਕੱਤਰ, ਬੀ.ਬੀ.ਐਮ.ਬੀ., ਚੰਡੀਗੜ੍ਹ।
4. ਮੁੱਖ ਇੰਜੀਨੀਅਰ, ਬਿਆਸ ਡੈਮ, ਬੀ.ਬੀ.ਐਮ.ਬੀ., ਤਲਵਾੜਾ ਟਾਊਨਸ਼ਿਪ।
5. ਮੁੱਖ ਇੰਜੀਨੀਅਰ, ਭਾਖੜਾ ਡੈਮ, ਬੀ.ਬੀ.ਐਮ.ਬੀ., ਨੰਗਲ ਟਾਊਨਸ਼ਿਪ
6. ਮੁੱਖ ਇੰਜੀਨੀਅਰ, ਬਿਆਸ ਡੈਮ, ਬੀ. ਐਸ.ਐਲ. ਪ੍ਰੋਜੈਕਟ, , ਬੀ.ਬੀ.ਐਮ.ਬੀ., ਸੁੰਦਰਨਗਰ।
7. ਸਮੂਹ ਮੁੱਖ ਇੰਜੀਨੀਅਰ, ਮੁੱਖ ਦਫਤਰ ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ।
8. ਸਮੂਹ ਨਿਗਰਾਨ ਇੰਜੀਨੀਅਰ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ।
9. ਵਧੀਕ ਡਾਇਰੈਕਟਰ/ਵਿੱਤ ਤੇ ਲੇਖਾ, ਮੁੱਖ ਦਫਤਰ ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ।
10. ਸਮੂਹ ਕਾਰਜਕਾਰੀ ਇੰਜੀਨੀਅਰ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ।
11. ਕਾਰਜਕਾਰੀ ਇੰਜੀਨੀਅਰ/ ਆਈ.ਟੀ. ਅਤੇ ਜੀ.ਆਈ. ਸੈੱਲ/ਸ਼ਾਖਾ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ।
12. ਸਮੂਹ ਸੁਪਰਡੰਟ, ਮੁੱਖ ਦਫਤਰ ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ।
13. ਕਾਰਜਕਾਰੀ ਇੰਜੀਨੀਅਰ, ਬਿਲਡਿੰਗ ਅਤੇ ਸਟੋਰ ਮੰਡਲ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ।
14. ਕਾਰਜਕਾਰੀ ਇੰਜੀਨੀਅਰ, ਤਲਵਾੜਾ ਨਹਿਰ ਅਤੇ ਗਰਾਊਂਡ ਵਾਟਰ ਮੰਡਲ, ਜਲ ਸਰੋਤ ਵਿਭਾਗ, ਪੰਜਾਬ, ਤਲਵਾੜਾ।
15. ਕਾਰਜਕਾਰੀ ਇੰਜੀਨੀਅਰ। ਡ੍ਰੇਨੇਜ-ਕਮ/ਮਾਈਨਿੰਗ ਅਤੇ ਜਿਉਲੋਜੀ ਮੰਡਲ, ਜਲ ਸਰੋਤ ਵਿਭਾਗ, ਪੰਜਾਬ ਐਟ ਸ੍ਰੀ ਆਨੰਦਪੁਰ ਸਾਹਿਬ।
16. ਕਾਰਜਕਾਰੀ ਇੰਜੀਨੀਅਰ, ਰੋਪੜ ਨਹਿਰ ਅਤੇ ਗਰਾਊਡ ਮੰਡਲ, ਜਲ ਸਰੋਤ ਵਿਭਾਗ, ਪੰਜਾਬ, ਰੋਪੜ।

ਮੁੱਖ ਇੰਜੀਨੀਅਰ/ਹੈਡਕੁਆਟਰ,
ਜਲ ਸਰੋਤ ਵਿਭਾਗ, ਪੰਜਾਬ,
ਚੰਡੀਗੜ੍ਹ।

Scanned with OKEN Scanner